get ready QUEENSLAND

Queensland Government

# ਆਪਣੇ ਘਰ ਨੂੰ ਤਿਆਰ ਕਰੋ

ਅਸੀਂ ਕਵੀਂਸਲੈਂਡ ਵਿੱਚ ਵਧੀਆ ਵਾਤਾਵਰਨ ਅਤੇ ਜੀਵਨਸ਼ੈਲੀ ਦਾ ਆਨੰਦ ਮਾਣਦੇ ਹਾਂ। ਹਾਲਾਂਕਿ ਕੁਦਰਤੀ ਖਤਰੇ ਜਿਵੇਂ ਕਿ ਝੱਖੜ, ਤੂਫ਼ਾਨ ਅਤੇ ਹੜ੍ਹ ਸਾਡੇ ਵਾਤਾਵਰ ਵਾਤਾਵਰਨ ਦੇ ਅਟੱਲ ਹਿੱਸੇ ਹਨ । ਇਤਿਹਾਸ ਘਟਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਇਹਨਾਂ ਤੋਂ ਹੋਣ ਵਾਲੇ ਖਤਰਿਆਂ ਪ੍ਰਤੀ ਲਾਪਰਵਾਹ ਨਹੀਂ ਹੋ ਸਕਦੇ ।

ਹੁਣ ਐਮਰਜੈਂਸੀ ਨਾਲ ਨਿਪਟਣ ਲਈ ਤਿਆਰ ਰਹੋ

- ਆਪਣੀ ਐਮਰਜੈਂਸੀ ਯੋਜਨਾ ਤਿਆਰ ; ਕਰੋ
- ਆਪਣੀ ਐਮਰਜੈਂਸੀ ਕਿਟ ਤਿਆਰ ਕਰੋ
- ਆਪਣੇ ਘਰ ਨੂੰ ਤਿਆਰ, ਕਰੋ ਅਤੇ
- ਰੇਡੀਓ ਅਤੇ ਟੀਵੀ ਤੇ ਚੇਤਾਵਨੀਆਂ ਸੁਣੋ।

ਇਹ ਸੌਖੇ ਕੰਮ ਤੁਹਾਨੂੰ ਜੀਵਿਤ ਰਹਿਣ ਅਤੇ ਕੁਦਰਤੀ ਸੰਕਟਾਂ ਦੇ ਪ੍ਰਭਾਵ ਨੂੰ ਘੱਟ ਕਰਨ ਵਾਸਤੇ ਤਿਆਰ ਰਹਿਣ ਲਈ ਮਦਦ ਕਰ ਸਕਦੇ ਹਨ।

ਤੁਹਾਡੇ ਘਰ ਨੂੰ ਤਿਆਰ ਕਰਨਾ ਸ਼ੁਰੂ ਕਰਨ ਦਾ ਸਹੀ ਸਮਾਂ ਤੂਫ਼ਾਨ, ਝੱਖੜ ਅਤੇ ਮਾਨਸੂਨ ਦੇ ਮੌਸਮ ਤੋਂ ਪਹਿਲਾਂ ਹੈ।

ਸੰਭਾਵਿਤ ਖਤਰਿਆਂ ਨੂੰ ਘੱਟ ਕਰਨ ਲਈ ਤੁਹਾਡੇ ਘਰ ਅਤੇ ਇਮਾਰਤ ਨੂੰ ਠੀਕ ਕਰਨ ਵਿੱਚ ਤੁਹਾਡੀ ਮਦਦ ਵਾਸਤੇ ਸੁਝਾਏ ਗਏ ਕੰਮਾਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ।

1. ਘਰ ਦੀ ਸਧਾਰਨ ਦੇਖਭਾਲ

- ਛੱਤ ਦੀ ਸਥਿੱਤੀ ਦੀ ਜਾਂਚ ਕਰੋ ਅਤੇ ਖਿਸਕੀਆਂ ਟਾਈਲਾਂ, ਛੱਤ ਦੇ ਵਾਧਰੇ ਅਤੇ ਟੁੱਟ-ਭੱਜ ਦੀ ਮੁਰੰਮਤ ਕਰੋ;
- ਸੀਵਰ ਅਤੇ ਹੇਠਾਂ ਆਉਣ ਵਾਲੀਆਂ ਪਾਈਪਾਂ ਨੂੰ ਸਾਫ ਕਰੋ ਤਾਂ ਜੋ ਪਾਣੀਜਿਨੀਜਲਦੀ ਹੋਏ ਨਿੱਕਲ ਸਕੇ;
- ਰੁੱਖਾਂ ਅਤੇ ਲਟਕਦੀਆਂ ਹੋਈਆਂ ਟਹਿਣੀਆਂ ਨੂੰ ਕੱਟੋ (ਰੁੱਖਾਂ ਦੇ ਉੱਪਰ ਬਿਜਲੀ ਦੀਆਂ ਲਾਈਨਾਂ ਦਾ ਧਿਆਨ ਰੱਖੋ); ਅਤੇ
- ਤੁਹਾਡੀ ਇਮਾਰਤ ਅਤੇ ਬਾਗ ਦੇ ਆਲੇ ਦੁਆਲੇ ਖੁਲ੍ਹੀਆਂ ਵਸਤਾਂ ਨੂੰ ਸੁਰੱਖਿਅਤ ਢੰਗ ਨਾਲ ਰੱਖ ਜਿਹੜੀਆਂ ਕੀ ਤੇਜ ਹਵਾਵਾਂ ਵਿਚ ਉਡਣ ਕਾਰਨ ਨੁਕਸਾਨ ਪਹੁੰਚਾ ਸਕਦੀਆਂ ਹਨ (ਜਿਵੇਂ ਕਿ ਬਾਗ ਦਾ ਫਰਨੀਚਰ ਅਤੇ ਖਿਡੌਣੇ)।

2. ਘਰ ਦੀਆਂ ਸਧਾਰਨ ਤਿਆਰੀਆਂ

- ਇਹ ਯਕੀਨੀ ਬਣਾਓ ਕਿ ਤੁਹਾਡੇ ਘਰ, ਸਮਾਨ ਅਤੇ ਕਾਰ ਦੀ ਬੀਮਾ ਪਾੱਲਿਸੀ ਚਾਲੂ ਹੈ ਅਤੇ ਤੁਹਾਡੀਆਂ ਸੰਪਤੀਆਂ ਨੂੰ ਪੂਰੀ ਤਰ੍ਹਾਂ ਕਵਰ ਕਰਦੀ ਹੈ – ਇਹ ਜਾਂਚ ਕਰੋ ਕਿ ਕੀ ਤੁਹਾਡੀ ਬੀਮਾ ਪਾੱਲਿਸੀ ਵਿੱਚ ਮਲਬੇ ਦੀ ਸਫਾਈ ਕਰਨਾ ਅਤੇ ਉਸਦਾ ਨਿਪਟਾਰਾ ਵੀ ਸ਼ਾਮਿਲ ਹੈ;
- ਇਹ ਦੇਖੋ ਕਿ ਤੀਬਰ ਤੂਫ਼ਾਨ ਜਾਂ ਸਮੁੰਦਰੀ ਝੱਖੜ ਦੇ ਦੌਰਾਨ ਤੁਹਾਡੇ ਘਰ ਵਿੱਚ ਆਸਰਾ ਲੈਣ ਦੀ ਲੋੜਪੈਣ ਤੇ ਕਿਹੜਾ ਕਮਰਾ ਘਰ ਦਾ ਸਭ ਤੋਂ ਮਜ਼ਬੂਤ ਹਿੱਸਾ ਹੈ। ਆਮ ਤੌਰ ਤੇ ਇਹ ਘਰ ਵਿੱਚ ਘੱਟ ਖਿੜਕੀਆਂ ਵਾਲਾ ਸਭ ਤੋਂ ਛੋਟਾ ਕਮਰਾ ਹੁੰਦਾ ਹੈ;
- ਇਹ ਦੇਖੋ ਕਿ ਪਾਣੀ, ਬਿਜਲੀ ਅਤੇ ਗੈਸ ਦੀ ਮੁੱਖ ਸਪਲਾਈ ਨੂੰ ਕਿੱਥੋਂ ਅਤੇ ਕਿਵੇਂ ਬੰਦ ਕਰਨਾ ਹੈ;
- ਸੂਰਜੀ ਊਰਜਾ ਪ੍ਰਣਾਲੀਆਂ ਨੂੰ ਬੰਦ ਕਰਨ ਦੀਆਂ ਨਿਰਮਾਤਾ ਦੀਆਂ ਪ੍ਰਕ੍ਰਿਆਵਾਂ ਦਾ ਧਿਆਨ ਰੱਖੋ ਅਤੇ
- ਐਮਰਜੈਂਸੀ ਵਿੱਚ ਲੋੜ ਪੈਣ ਤੇ ਕੰਮ ਲੈਣ ਲਈ ਜ਼ਰੂਰੀ ਸਮਾਨ ਖਰੀਦੋ ਜਿਵੇਂ ਕਿ:
    - ਪੀਣ ਵਾਲੇ ਪਾਣੀ ਨੂੰ ਭਰ ਕੇ ਰੱਖਣ ਲਈ ਡੱਬੇ,
    - ਤੁਹਾਡੇ ਵਾਹਨ ਵਿੱਚ ਪ੍ਰਯੋਗ ਲਈ ਇੰਧਨ ਦੀ ਅਤਿਰਿਕਤ ਸਪਲਾਈ (ਸੁਰੱਖਿਅਤ ਢੰਗ ਨਾਲ ਜਮਾ ਕਰੋ),
    - ਖਿੜਕੀਆਂ ਤੇ ਲਗਾਉਣ ਲਈ ਚੋੜੀ ਟੇਪ ਅਤੇ
    - ਹੜ੍ਹ ਆਉਣ ਤੇ ਸੀਵਰ ਦੇ ਪਾਣੀ ਨੂੰ ਘਰ ਵਿੱਚ ਆਉਣ ਤੋਂ ਰੋਕਣ ਲਈ ਟਾਟ ਦੀਆਂ ਬੋਰੀਆਂ ਅਤੇ ਰੇਤ ਦੀਆਂ ਬੋਰੀਆਂ ਬਣਾਉਣ ਲਈ ਰੇਤ

3. ਜੇਕਰ ਤੁਸੀਂ ਹੜ੍ਹ- ਸੰਭਾਵਿਤ ਖੇਤਰ ਵਿੱਚ ਰਹਿੰਦੇ ਹੋ:

- ਅਚਾਨਕ ਹੜ੍ਹ ਆਉਣ ਦੀ ਸਥਿੱਤੀ ਵਿੱਚ ਸਾਰੀਆਂ ਜਿਹਰਿਲੀਆਂ ਵਸਤੂਆਂ ਨੂੰ ਫਰਸ਼ ਤੋਂ ਕਾਫੀ ਉੱਪਰ ਰੱਖੋ
- ਇਹ ਦੇਖੋ ਕਿ ਜੇਕਰ ਤੁਹਾਡੇ ਘਰ ਵਿੱਚ ਹੜ੍ਹ ਆਉਣ ਦਾ ਖਤਰਾ ਹੋਵੇ ਤਾਂ ਤੁਹਾਨੂੰ ਘਰ ਦੀਆਂ ਕਿਹੜੀਆਂ ਅੰਦਰੂਨੀਚੀਜਾਂ ਨੂ ਉਠਾਉਣ ਜਾਂ ਖਾਲੀ ਕਰਨ ਦੀ ਦੀ ਲੋੜ ਹੋਵੇਗੀ ਅਤੇ
- ਹੇਠਾਂ ਦਿੱਤੀਆਂ ਗੱਲਾਂ ਤੇ ਵਿਚਾਰ ਕਰੋ:
    - ਗਲੀਚੇ ਵਾਲੇ ਫਰਸ਼ ਦਾ ਵਿਕਲਪ
    - ਬਿਜਲੀ ਦੇ ਲਾਈਸੈਂਸਸ਼ੁਦਾ ਠੇਕੇਦਾਰ ਤੋਂ ਬਿਜਲੀ ਦੇ ਸੌਕੇਟ ਅਤੇ ਪਾਵਰ ਪਵਾਇੰਟ ਫਰਸ਼ ਤੋਂ ਕਾਫੀ ਉੱਪਰ ਲਗਵਾਓ ।

4. ਜੇਕਰ ਤੁਸੀਂ ਝੱਖੜ ਜਾਂ ਤੀਬਰ ਤੂਫ਼ਾਨ ਸੰਭਾਵਿਤ ਖੇਤਰ ਵਿੱਚ ਰਹਿੰਦੇ ਹੋ:

- ਤੇਜ ਹਵਾਵਾਂ ਦੇ ਦੌਰਾਨ ਅਤਿਰਿਕਤ ਬਚਾਉ ਲਈ ਸ਼ਟਰ ਜਾਂ ਧਾਤ ਦੇ ਪਰਦੇ ਵਾਲੀਆਂ ਖਿੜਕੀਆਂ ਲਗਵਾਓ ਅਤੇ
- ਤੇਜ ਹਵਾਵਾਂ ਨੂੰ ਬਰਦਾਸ਼ਤ ਕਰਨ ਲਈ ਤੁਹਾਡੀ ਇਮਾਰਤ ਦੀ ਜਾਂਚ ਕਰਨ ਅਤੇ ਤੁਹਾਡੇ ਘਰ ਦੀ ਸੰਰਚਨਾਤਮਕ ਸੁਰੱਖਿਆ ਨੂੰ ਵਧਾਉਣ ਦੇ ਉਪਾ ਨਿਰਧਾਰਤ ਕਰਨ ਲਈ ਕਿਸੇ ਪੇਸ਼ੇਵਰ ਬਿਲਡਰ ਦੀ ਮਦਦ ਲਓ।

5. ਜਦੋਂ ਝੱਖੜ ਜਾਂ ਤੀਬਰ ਤੂਫ਼ਾਨ ਦੀਆਂ ਮੌਸਮ ਚੇਤਾਵਨੀਆਂ ਦਿੱਤੀਆਂ ਜਾਣ

- ਬਿਜਲੀ ਦੇ ਉਪਕਰਨ, ਟੇਲੀਵਿਜਨ ਅਤੇ ਰੇਡੀਓ ਦੇ ਸਾਰੇ ਬਾਹਰੀ ਐਂਟੀਨੇ ਦੇ ਕਨੇਕਸ਼ਨ ਬੰਦ ਕਰ ਦਿਓ;
- ਜੇਕਰ ਐਮਰਜੈਂਸੀ ਅਧਿਕਾਰੀਆਂ ਵੱਲੋਂ ਨਿਰਦੇਸ਼ ਦਿੱਤਾ ਜਾਵੇ ਤਾਂ ਬਿਜਲੀ ਅਤੇ ਗੈਸ ਦੀ ਮੁੱਖ ਸਪਲਾਈ ਨੂੰ ਬੰਦ ਕਰ ਦਿਓ;
- ਘਰ ਦੇ ਬਾਹਰ ਦਾ ਫਰਨੀਚਰ ਅਤੇ ਬਾਗ ਦੀਆਂ ਹੋਰ ਵਸਤਾਂ ਨੂੰ ਸੁਰੱਖਿਅਤ ਢੰਗ ਨਾਲ ਰੱਖੋ;
- ਪਾਣੀ ਦੀ ਮੁੱਖ ਸਪਲਾਈ ਦੇ ਖਲਲ ਦੀ ਹਾਲਤ ਵਿਚਪਹਿਲਾਂ ਹੀ ਸਾਫ ਪਾਣੀ ਦੀਆਂ ਬਾਲਟੀਆਂ ਭਰ ਕੇ ਰੱਖੋ;
- ਖਿੜਕੀਆਂ ਨੂੰ ਸ਼ਟਰ ਨਾਲ ਜਾਂ ਮਜ਼ਬੂਤ ਟੇਪ ਦਾ ਖਾਨੇਦਾਰ ਵਿਧੀ ਵਿੱਚ ਪ੍ਰਯੋਗ ਕਰਦੇ ਹੋਏ ਬੰਦ ਕਰੋ ਅਤੇ ਪਰਦੇ ਖਿੱਚ ਦਿਓ।
- ਵਾਹਨਾਂ ਨੂੰ ਰੁੱਖਾਂ, ਬਿਜਲੀ ਦੀਆਂ ਲਾਈਨਾਂ ਅਤੇ ਪਾਣੀ ਤੋਂ ਦੂਰ ਕਿਸੇ ਛੱਤ ਦੇ ਹੇਠਾਂ ਖੜਾ ਕਰੋ
- ਜੇਕਰ ਤੁਸੀਂ ਤੁਹਾਡੇ ਵਾਹਨਾਂ ਨੂੰ ਕਿਸੇ ਛੱਤ ਦੇ ਹੇਠਾਂ ਖੜ੍ਹਾ ਨਹੀਂ ਕਰ ਸਕਦੇ ਤਾਂ ਤੂਫ਼ਾਨ ਤੋਂ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਲਈ ਵਾਹਨਾਂ ਨੂੰ ਮਜ਼ਬੂਤ ਕੰਬਲਾਂ ਨਾਲ ਬੰਨ੍ਹ ਕੇ ਸੁਰੱਖਿਅਤ ਕਰੋ
- ਇਹ ਦੇਖੋ ਕਿ ਘਰ ਦੇ ਸਾਰੇ ਸਦੱਸ ਸੁਰੱਖਿਅਤ ਹਨ ਅਤੇ ਘਰ ਦੇ ਸਭ ਤੋਂ ਮਜ਼ਬੂਤ ਕਮਰੇ ਵਿੱਚ ਹਨ
- ਤੂਫ਼ਾਨ ਜਾਂ ਝੱਖੜ ਤੋਂ ਬਚਣ ਲਈ ਆਸਰਾ ਲੈਣ ਵੇਲੇ ਆਪਣੀ ਐਮਰਜੈਂਸੀ ਕਿਟ ਨਾਲ ਲੈ ਕੇ ਜਾਓ ਅਤੇ
- ਘਟਨਾ ਸੰਬੰਧੀ ਤਾਜਾ ਸੂਚਨਾਵਾਂ, ਬਾਅਦ ਦੀਆਂ ਚੇਤਾਵਨੀਆਂ ਅਤੇ ਸੁਰੱਖਿਆ ਸੰਬੰਧੀ ਸੰਦੇਸ਼ਾਂ ਨੂੰ ਸੁਣਨ ਲਈ ਤੁਹਾਡੇ ਸਥਾਨਕ ਰੇਡੀਓ ਸਟੇਸ਼ਨ ਨੂੰ ਸੁਣੋ।

## ਹਮੇਸ਼ਾ ਯਾਦ ਰੱਖੋ

ਤੁਹਾਡੇ ਘਰ ਨੂੰ ਤਿਆਰ ਰੱਖਣਾ, ਤੁਹਾਡੇ ਪਰਿਵਾਰ ਦੇ ਜੀਵਨ ਅਤੇ ਐਮਰਜੈਂਸੀ ਦੀਆਂ ਸਥਿੱਤੀਆਂ ਨਾਲ ਨਿਪਟਣ ਵਾਸਤੇ ਤਿਆਰ ਰਹਿਣ ਲਈ ਇੱਕ ਜ਼ਰੂਰੀ ਕਦਮ ਹੈ।

ਇਹ ਰਸਾਲਾ ਕੇਵਲ ਸੂਚਨਾ ਦੇਣ ਅਤੇ ਤੁਹਾਡੀ ਭਲਾਈ ਲਈ ਹੈ। ਸਮੁਦਾਏ ਸੁਰੱਖਿਆ ਵਿਭਾਗ, ਐਮਰਜੈਂਸੀ ਮੈਨੇਜਮੈਂਟ ਕਵੀਂਸਲੈਂਡ ਅਤੇ ਰਾਜ ਐਮਰਜੈਂਸੀ ਸੇਵਾ ਅਜਿਹੀ ਕਿਸੇ ਵੀ ਹਾਨੀ ਜਾਂ ਨੁਕਸਾਨ ( ਜ਼ਿਮਨੀ ਹਾਨੀ ਜਾਂ ਨੁਕਸਾਨ ਸਮੇਤ) ਦੀ ਜ਼ਿੰਮੇਵਾਰੀ ਨਹੀਂ ਲੈਂਦੀ ਜੋ ਕਿਸੇ ਵਿਅਕਤੀ ਨੂੰ ਇਸ ਰਸਾਲੇ ਵਿੱਚ ਦਿੱਤੀ ਸੂਚਨਾ ਤੇ ਨਿਰਭਰਤਾ ਦੇ ਸੰਬੰਧ ਵਿੱਚ ਸਹਿਣੀ ਪੈ ਸਕਦੀ ਹੈ ਜਾਂ ਕਿਸੇ ਢੰਗ ਨਾਲ ਹੋ ਸਕਦੀ ਹੈ ਜਾਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਤੋਂ ਉਤਪੰਨ ਹੋ ਸਕਦੀ ਹੈ।

© 2011 Department of Community Safety

ਐਮਰਜੈਂਸੀ ਤਿਆਰੀਆਂ ਬਾਰੇ ਵਧੇਰੇ ਜਾਣਕਾਰੀ ਲਈ www.disaster.qld.gov.au ਤੇ ਜਾਓ।